# ਕਨਾਡਾ ਵਿੱਚ ਆਪਣੇ ਕ੍ਰੈਡਿਟ ਸਕੋਰ ਨੂੰ ਬਣਾਉਣਾ ਅਤੇ ਕਾਇਮ ਰੱਖਣਾ: ਸਰਵਸ ਕ੍ਰੈਡਿਟ ਯੂਨੀਅਨ ਵਲੋਂ ਇੱਕ ਗਾਈਡ

**ਕਨਾਡਾ ਅਤੇ ਸਰਵਸ ਕ੍ਰੈਡਿਟ ਯੂਨੀਅਨ 'ਤੇ ਤੁਹਾਡਾ ਸਵਾਗਤ ਹੈ!**
ਅਸੀਂ ਤੁਹਾਨੂੰ ਇੱਥੇ ਦੇਖ ਕੇ ਜੋਸ਼ ਨਾਲ ਭਰ ਗਏ ਹਾਂ। ਇਹ ਸੂਚਨਾ ਸ਼ੀਟ ਤੁਹਾਡੇ ਕ੍ਰੈਡਿਟ ਸਕੋਰ ਨੂੰ ਬਣਾਉਣ ਅਤੇ ਬਣਾ ਕੇ ਰੱਖਣ ਦੀ ਕਿਰਿਆ ਦੁਆਰਾ ਤੁਹਾਡਾ ਮਾਰਗ-ਦਰਸ਼ਨ ਕਰੇਗੀ, ਅਤੇ ਤੁਹਾਡੇ ਕ੍ਰੈਡਿਟ ਦਾ ਅਸਰਦਾਰ ਢੰਗ ਨਾਲ ਪ੍ਰਬੰਧ ਕਰਨ ਲਈ ਤੁਹਾਨੂੰ ਨੁਕਤੇ ਪ੍ਰਦਾਨ ਕਰੇਗੀ।

ਕਨਾਡਾ ਵਿੱਚ ਕ੍ਰੈਡਿਟ ਸਕੋਰ ਬਣਾਉਣ ਲਈ ਸਮਾਂ ਲੱਗਦਾ ਹੈ। ਜਿਵੇਂ ਤੁਸੀਂ ਪੈਸੇ ਉਧਾਰ ਲੈਂਦੇ ਅਤੇ ਚੁਕਾਉਂਦੇ ਹੋ, ਤਾਂ ਉਧਾਰ ਦੇਣ ਵਾਲਿਆਂ ਨੂੰ ਤੁਹਾਡੀ ਉਧਾਰ ਲੈਣ ਦੀ ਕਾਬਲੀਅਤ ਬਾਰੇ ਸੂਚਨਾ ਦੇਣ ਲਈ ਤੁਹਾਡੀ "ਕ੍ਰੈਡਿਟ ਸਕੋਰ" ਤਿਆਰ ਕੀਤੀ ਜਾਂਦੀ ਹੈ। ਨਵੀਂ ਜਾਣਕਾਰੀ ਦੇ ਆਧਾਰ ਉੱਤੇ ਤੁਹਾਡੀ ਸਕੋਰ ਹਰ ਮਹੀਨੇ ਅਪਡੇਟ ਹੁੰਦੀ ਹੈ ਅਤੇ ਕਰਜ਼, ਮਾਰਗੇਜ, ਸੈੱਲ ਫ਼ੋਨ, ਕਿਰਾਇਆ ਅਤੇ ਹੋਰ ਚੀਜ਼ਾਂ ਲਈ ਅਰਜ਼ੀ ਦੇਣ ਵਾਸਤੇ ਜ਼ਰੂਰੀ ਹੁੰਦੀ ਹੈ।

ਤਾਂ, ਤੁਸੀਂ ਕਿੱਥੇ ਸ਼ੁਰੂ ਕਰਦੇ ਹੋ? ਕਨਾਡਾ ਵਿੱਚ ਬਹੁਤ ਸਾਰੇ ਨਵੇਂ ਪ੍ਰਵਾਸੀ Mastercard® ਜਿਹਾ ਇੱਕ ਕ੍ਰੈਡਿਟ ਕਾਰਡ ਪ੍ਰਾਪਤ ਕਰਕੇ ਆਪਣੇ ਕ੍ਰੈਡਿਟ ਸਕੋਰ ਨੂੰ ਬਣਾਉਣਾ ਸ਼ੁਰੂ ਕਰਦੇ ਹਨ। ਸਰਵਸ ਕ੍ਰੈਡਿਟ ਯੂਨੀਅਨ ਸਾਡੇ ਸਦੱਸਾਂ ਨੂੰ ਮਾਸਟਰਕਾਰਡ ਪੇਸ਼ ਕਰਦੀ ਹੈ। ਇੱਕ ਵਾਰ ਮਨਜ਼ੂਰ ਹੋ ਜਾਵੇ, ਤਾਂ ਤੁਹਾਡਾ ਕਾਰਡ ਇੱਕ ਲਿਮਿਟ ਦੇ ਨਾਲ ਉਦਾਹਰਨ ਲਈ $1,000, ਕੁਝ ਕੁ ਹਫਤਿਆਂ ਦੇ ਅੰਦਰ ਡਾਕ ਰਾਹੀਂ ਪਹੁੰਚ ਜਾਵੇਗਾ। ਤੁਸੀਂ ਫੇਰ ਇਸਦੀ ਵਰਤੋਂ ਆਪਣੀ ਲਿਮਿਟ ਤਕ ਖਰੀਦਾਰੀਆਂ ਕਰਨ ਲਈ ਕਰ ਸਕਦੇ ਹੋ, ਜਿਵੇਂ ਕਿ ਗੈਸ, ਕਰਿਆਨੇ ਦਾ ਸਾਮਾਨ, ਫ਼ੋਨ ਦੇ ਬਿੱਲ, ਸਫਰ, ਅਤੇ ਹੋਰ ਵੀ ਬਹੁਤ ਕੁਝ। ਕ੍ਰੈਡਿਟ ਕਾਰਡ ਬੈਂਕ ਵਲੋਂ ਮੁੜ-ਵਰਤੇ ਜਾਣ ਯੋਗ ਕਰਜ਼ ਦੇ ਤੌਰ 'ਤੇ ਕੰਮ ਕਰਦਾ ਹ।

**ਇੱਥੇ ਉਦਾਹਰਨ ਦਿੱਤਾ ਗਿਆ ਹੈ ਕਿ ਇੱਕ ਮੈਂਬਰ ਦੇ ਕ੍ਰੈਡਿਟ ਕਾਰਡ ਲਈ ਬਿੱਲਿੰਗ ਚੱਕਰ ਕਿਵੇਂ ਕੰਮ ਕਰਦਾ ਹੈ:**

**ਦਿਨ 1:** ਤੁਹਾਡਾ ਕਾਰਡ ਕਿਰਿਆਸ਼ੀਲ ਕੀਤਾ ਗਿਆ ਹੈ ਅਤੇ 30-ਦਿਨ ਦੇ ਬਿਲਿੰਗ ਚੱਕਰ ਦੇ ਨਾਲ ਸ਼ੁਰੂ ਕਰਕੇ ਖਰੀਦਾਰੀਆਂ ਲਈ ਵਰਤਿਆ ਜਾ ਸਕਦਾ ਹੈ।

**ਦਿਨ 30:** ਬਿਲਿੰਗ ਚੱਕਰ ਸਮਾਪਤ ਹੁੰਦਾ ਹੈ, ਅਤੇ ਕ੍ਰੈਡਿਟ ਯੂਨੀਅਨ ਤੁਹਾਨੂੰ ਚੱਕਰ ਦੇ ਦੌਰਾਨ ਕੀਤੀਆਂ ਸਾਰੀਆਂ ਖਰੀਦਾਰੀਆਂ ਲਈ ਬਿੱਲ ਭੇਜੇਗੀ। ਤੁਹਾਡੇ ਕੋਲ ਵਿਆਜ਼ ਲਗਾਏ ਜਾਣ ਤੋਂ ਪਹਿਲਾਂ ਬਿੱਲ ਦਾ ਭੁਗਤਾਨ ਕਰਨ ਲਈ 21 ਦਿਨ ਹੁੰਦੇ ਹਨ। 30ਵਾਂ ਦਿਨ ਅਗਲੇ ਬਿਲਿੰਗ ਚੱਕਰ ਦੀ ਸ਼ੁਰੂਆਤ ਨੂੰ ਵੀ ਚਿੰਨ੍ਹਤ ਕਰਦਾ ਹੈ।

**ਦਿਨ 51:** ਪਹਿਲੇ ਬਿਲਿੰਗ ਚੱਕਰ ਲਈ ਪੂਰਾ ਬਿੱਲ ਦੇਣਯੋਗ ਹੁੰਦਾ ਹੈ। ਤੁਸੀਂ ਇਸ ਮਿਤੀ ਤੋਂ ਪਹਿਲਾਂ ਇਸਦਾ ਭੁਗਤਾਨ ਕਰ ਸਕਦੇ ਹੋ ਜਾਂ ਆਪਣੇ ਵਿੱਤੀ ਸਲਾਹਕਾਰ ਦੀ ਮਦਦ ਨਾਲ ਸਵੈਚਲਿਤ ਭੁਗਤਾਨ ਸੈਟ ਅੱਪ ਕਰ ਸਕਦੇ ਹੋ।

**ਬਿਲਿੰਗ ਚੱਕਰ ਹਰ ਮਹੀਨੇ ਦੋਹਰਾਇਆ ਜਾਂਦਾ ਹੈ ਜਦੋਂ ਤਕ ਤੁਹਾਡੇ ਕੋਲ ਤੁਹਾਡਾ ਮਾਸਟਰਕਾਰਡ ਹੋਵੇ। ਜਲਦੀ ਹੀ, ਤੁਹਾਨੂੰ ਪਤਾ ਲੱਗ ਜਾਵੇਗਾ ਜਦੋਂ ਹਰ ਮਹੀਨੇ ਤੁਹਾਡਾ ਬਿੱਲ ਦੇਣਯੋਗ ਹੁੰਦਾ ਹੈ।**

ਆਪਣੇ ਮਾਸਟਰਕਾਰਡ ਬਿੱਲ ਦਾ ਸਮੇਂ ਸਿਰ ਅਤੇ ਪੂਰਾ ਭੁਗਤਾਨ ਕਰਕੇ ਤੁਹਾਨੂੰ ਤੁਹਾਡਾ ਕ੍ਰੈਡਿਟ ਸਕੋਰ ਬਣਾਉਣ ਵਿੱਚ ਮਦਦ ਮਿਲੇਗੀ ਅਤੇ ਵਿਆਜ਼ ਦੀਆਂ ਲਾਗਤਾਂ ਖਤਮ ਹੋਣਗੀਆਂ। ਸਟੇਟਮੈਂਟ ਦੀ ਬਕਾਇਆ ਰਕਮ ਲਈ ਅੰਸ਼ਕ ਭੁਗਤਾਨਾਂ ਦੇ ਨਤੀਜੇ ਵਜੋਂ ਹਾਲੇ ਵੀ ਕੁਝ ਵਿਆਜ਼ ਲਗਾਇਆ ਜਾਂਦਾ ਹੈ। ਜੇ ਤੁਸੀਂ ਦੇਣਯੋਗ ਮਿਤੀ ਤਕ ਘੱਟੋ-ਘੱਟ ਭੁਗਤਾਨ ਨਹੀਂ ਕਰਦੇ ਹੋ, ਤਾਂ ਇਹ ਤੁਹਾਡੇ ਕ੍ਰੈਡਿਟ ਸਕੋਰ ਨੂੰ ਨਕਾਰਾਤਮਕ ਢੰਗ ਨਾਲ ਪ੍ਰਭਾਵਿਤ ਕਰੇਗਾ। ਤੁਹਾਡੇ ਮਾਸਟਰਕਾਰਡ ਸਮਝੌਤੇ ਵਿੱਚ ਵਿਆਜ਼ ਦਰ ਦੀ ਜਾਣਕਾਰੀ ਸ਼ਾਮਲ ਹੋਵੇਗੀ, ਜੋ ਤੁਹਾਡੇ ਕਾਰਡ ਦੇ ਨਾਲ ਆਏਗੀ।

**ਤੁਹਾਡੀ ਕ੍ਰੈਡਿਟ ਸਕੋਰ ਨੂੰ ਬਣਾਉਣ ਅਤੇ ਬਣਾ ਕੇ ਰੱਖਣ ਵਿੱਚ ਮਦਦ ਲਈ ਕੁਝ ਸੁਝਾਅ ਇਹ ਹਨ:**

1. **ਸਾਰੇ ਬਿਲਾਂ ਦਾ ਸਮੇਂ ਸਿਰ ਅਤੇ ਪੂਰਾ ਭੁਗਤਾਨ ਕਰੋ।** ਇਸ ਨਾਲ ਵਿਆਜ਼ ਦੀਆਂ ਲਾਗਤਾਂ ਖਤਮ ਹੋਣਗੀਆਂ ਅਤੇ ਤੁਹਾਡਾ ਕ੍ਰੈਡਿਟ ਸਕੋਰ ਬੇਹਤਰ ਹੋਵੇਗਾ। ਯਾਦ ਰੱਖੋ, ਮਾਸਟਰਕਾਰਡ ਤੋਂ ਪੈਸੇ ਉਧਾਰ ਲਿੱਤੇ ਜਾਂਦੇ ਹਨ, ਇਸਲਈ, ਹਮੇਸ਼ਾ ਇਹ ਯਕੀਨੀ ਬਣਾਓ ਕਿ ਤੁਹਾਡੀ ਬਕਾਇਆ ਰਕਮ ਨੂੰ ਕਵਰ ਕਰਨ ਲਈ ਤੁਹਾਡੇ ਬੈਂਕ ਖਾਤੇ ਵਿੱਚ ਬਥੇਰੇ ਪੈਸੇ ਹੁੰਦੇ ਹਨ।
2. **ਹਮੇਸ਼ਾ ਘੱਟੋ-ਘੱਟ ਨਿਊਨਤਮ ਭੁਗਤਾਨ ਕਰੋ।** ਜੇ ਤੁਸੀਂ ਪੂਰਾ ਭੁਗਤਾਨ ਨਹੀਂ ਕਰ ਸਕਦੇ, ਤਾਂ ਤੁਹਾਡੇ ਮਾਸਿਕ ਬਿੱਲ ਉੱਤੇ ਦਿਖਾਈ ਗਈ ਨਿਊਨਤਮ ਰਕਮ ਦਾ ਭੁਗਤਾਨ ਕਰਨਾ ਯਕੀਨੀ ਬਣਾਓ।
3. **ਇੱਕ ਦਮ ਬਹੁਤ ਜ਼ਿਆਦਾ ਉਧਾਰ ਲਈ ਅਰਜ਼ੀ ਨਾ ਦਿਓ।** ਛੋਟੀ ਮਿਆਦ ਵਿੱਚ ਇੱਕ ਤੋਂ ਜ਼ਿਆਦਾ ਅਰਜ਼ੀਆਂ ਤੁਹਾਡੇ ਕ੍ਰੈਡਿਟ ਸਕੋਰ ਨੂੰ ਖਰਾਬ ਕਰ ਸਕਦੀਆਂ ਹਨ। ਜ਼ਿਆਦਾਤਰ ਲੋਕਾਂ ਨੂੰ ਸਿਰਫ਼ ਇੱਕ ਕ੍ਰੈਡਿਟ ਕਾਰਡ ਦੀ ਲੋੜ ਹੁੰਦੀ ਹੈ, ਖਾਸ ਤੌਰ 'ਤੇ ਜਦੋਂ ਉਹ ਕਨਾਡਾ ਵਿੱਚ ਨਵੇਂ-ਨਵੇਂ ਆਉਂਦੇ ਹਨ।
4. **ਇੱਕ ਨਿਯਮਿਤ ਬਚਤ ਯੋਜਨਾ ਸ਼ੁਰੂ ਕਰੋ।** ਆਪਣੇ ਵਿੱਤੀ ਸਲਾਹਕਾਰ ਦੇ ਨਾਲ ਭਵਿੱਖੀ ਖਰੀਦਾਰੀਆਂ, ਆਪਾਤਕਾਲ ਸਥਿਤੀਆਂ, ਅਤੇ ਜ਼ਿੰਦਗੀ ਦੀਆਂ ਹੋਰ ਮਹੱਤਵਪੂਰਨ ਘਟਨਾਵਾਂ ਲਈ ਬਚਤਾਂ ਬਾਰੇ ਗੱਲ ਕਰੋ।
5. **ਆਪਣੇ ਕ੍ਰੈਡਿਟ ਸਕੋਰ ਦੀ ਹਰ ਸਾਲ ਜਾਂਚ ਕਰੋ।** ਤੁਹਾਡਾ ਵਿੱਤੀ ਸਲਾਹਕਾਰ ਤੁਹਾਡੇ ਕ੍ਰੈਡਿਟ ਸਕੋਰ ਦੀ ਇੱਕ ਕਾਪੀ ਦਾ ਆਰਡਰ ਦੇਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਯਕੀਨੀ ਬਣਾ ਸਕਦਾ ਹੈ ਕਿ ਕਿਸੇ ਹੋਰ ਵਿਅਕਤੀ ਨੇ ਤੁਹਾਡੀ ਪਛਾਣ ਵਰਤਣ ਦੀ ਕੋਸ਼ਿਸ਼ ਨਹੀਂ ਕੀਤੀ ਹੈ। ਜੇ ਤੁਹਾਨੂੰ ਕੋਈ ਦਿੱਕਤ ਮਹਿਸੂਸ ਹੁੰਦੀ ਹੈ, ਤਾਂ ਸਭ ਤੋਂ ਵਧੀਆ ਕਾਰਵਾਈ ਆਪਣੇ ਵਿੱਤੀ ਸਲਾਹਕਾਰ ਦੇ ਨਾਲ ਸੰਪਰਕ ਕਰਨ ਦੀ ਹੁੰਦੀ ਹੈ। ਤੁਸੀਂ ਜਿੰਨੀ ਛੇਤੀ ਸਰਵਸ ਵਿਖੇ ਸਾਡੇ ਨਾਲ ਸੰਪਰਕ ਕਰੋਗੇ, ਅਸੀਂ ਉੰਨੀ ਦੀ ਮਦਦ ਕਰ ਸਕਦੇ ਹਾਂ।

**1.877.378.8728 | servus.ca**

Mastercard ਅਤੇ ਗੋਲੇ ਦਾ ਡਿਜ਼ਾਈਨ ਮਾਸਟਰਕਾਰਡ ਇੰਟਰਨੈਸ਼ਨਲ ਇਨਕਾਰਪੋਰੇਟਿਡ (Mastercard International Incorporated) ਦੇ ਪੰਜੀਕ੍ਰਿਤ ਟਰੇਡਮਾਰਕ ਹਨ।
®/™ ਸਰਵਸ ਕ੍ਰੈਡਿਟ ਯੂਨੀਅਨ (Servus Credit Union), ਸਰਵਸ, ਸਰਵਸ ਦਾ ਗੋਲਾ ਅਤੇ ਸਾਰੇ ਸਬੰਧਤ ਲੋਗੋ ਸਰਵਸ ਕ੍ਰੈਡਿਟ ਯੂਨੀਅਨ ਦੀ ਬੌਧਿਕ ਸੰਪੱਤੀ ਹਨ।